# ਲਾਜ਼ਮੀ ਪਾਬੰਦੀਆਂ

## ਕੋਵਿਡ-19 ਦੇ ਤੇਜ਼ ਵਾਧੇ ਨੂੰ ਰੋਕਣ ਅਤੇ ਹੈਲਥ ਸਿਸਟਮ ਦੀ ਸੁਰੱਖਿਆ ਲਈ ਲਾਜ਼ਮੀ ਪਬਲਿਕ ਹੈਲਥ ਉਪਾਅ ਐਲਬਰਟਾ ਭਰ 'ਚ ਲਾਗੂ ਹਨ।

## ਸੰਖੇਪ ਝਾਤ

ਲਾਜ਼ਮੀ ਪਬਲਿਕ ਹੈਲਥ ਪਾਬੰਦੀਆਂ ਸੂਬੇ ਭਰ 'ਚ ਲਾਗੂ ਹਨ। ਕੇਸਾਂ ਦੀ ਉੱਚ-ਗਿਣਤੀ ਵਾਲੀਆਂ ਕਮਿਊਨਿਟੀਆਂ, ਜਿੱਥੇ 100,000 ਲੋਕਾਂ ਪਿੱਛੇ ਘੱਟੋ ਘੱਟ 50 ਕੇਸ ਅਤੇ ਘੱਟੋ ਘੱਟ 30 ਕਿਰਿਆਸ਼ੀਲ ਕੇਸ ਹਨ, ਉਥੇ ਵਧੀਕ ਪਾਬੰਦੀਆਂ ਲਾਗੂ ਹੁੰਦੀਆਂ ਹਨ। ਘੱਟ ਕਿਰਿਆਸ਼ੀਲ ਕੇਸਾਂ ਵਾਲੀਆਂ ਕਮਿਊਨਿਟੀਆਂ ਨੂੰ ਜ਼ਰੂਰੀ ਤੌਰ 'ਤੇ ਸੂਬੇ ਭਰ 'ਚ ਲਾਗੂ ਪਾਬੰਦੀਆਂ ਦਾ ਪਾਲਣ ਕਰਨਾਂ ਜਾਰੀ ਰੱਖਣਾ ਹੋਵੇਗਾ।

ਇਹ ਪਾਬੰਦੀਆਂ ਘੱਟੋ ਘੱਟ 3 ਹਫਤਿਆਂ ਤੱਕ ਲਾਗੂ ਰਹਿਣਗੀਆਂ, ਭਾਵੇਂ ਕਿ ਕੋਈ ਕਮਿਊਨਿਟੀ ਮਿਥੀ ਹੱਦ ਤੋਂ ਹੇਠਾਂ ਵੀ ਆ ਜਾਂਦੀ ਹੈ।

ਆਪਣੇ ਖੇਤਰ 'ਚ ਕਿਰਿਆਸ਼ੀਲ ਕੇਸਾਂ ਦੀ ਦਰ ਵੇਖੋ

## ਇਕੱਠ

### ਇੰਨਡੋਰ ਇਕੱਠ

ਸਾਰੇ ਇੰਨਡੋਰ ਸਮਾਜਿਕ ਇਕੱਠਾਂ ਦੀ ਮਨਾਹੀ ਹੈ।

- ਵਿਅਕਤੀ, ਜੋ ਇਕੱਲੇ ਰਹਿੰਦੇ ਹਨ ਅਤੇ ਸਿੰਗਲ ਪੇਰੈਂਟਸ, ਜਿਹੜੇ ਕੇਵਲ 18 ਸਾਲ ਤੋਂ ਘੱਟ ਉਮਰੇ ਦੇ ਬੱਚਿਆਂ ਨਾਲ ਰਹਿੰਦੇ ਹਨ, ਦੋ ਲੋਕਾਂ ਨੂੰ ਚੁਣ ਸਕਦੇ ਹਨ ਜਿੰਨ੍ਹਾਂ ਨਾਲ ਉਹ ਇੰਨ੍ਹਾਂ ਪਾਬੰਦੀਆਂ ਦੌਰਾਨ ਮੇਲ ਜੋਲ ਰੱਖ ਸਕਦੇ ਹਨ।

### ਆਊਟਡੋਰ ਇਕੱਠ

ਸਾਰੇ ਆਊਟਡੋਰ ਇਕੱਠਾਂ ਦਾ ਕੋਈ ਵੀ ਹਿੱਸਾ/ਸਮਾਂ ਜ਼ਰੂਰੀ ਤੌਰ 'ਤੇ ਇੰਨਡੋਰ ਨਹੀਂ ਹੋਣਾ ਚਾਹੀਦਾ ਅਤੇ ਉਹ ਸੀਮਤ ਹਨ:

- ਉੱਚ-ਗਿਣਤੀ ਕੇਸਾਂ ਵਾਲੇ ਖੇਤਰਾਂ 'ਚ ਵੱਧ ਤੋਂ ਵੱਧ 5 ਲੋਕ
- ਘੱਟ-ਗਿਣਤੀ ਕੇਸਾਂ ਵਾਲੇ ਖੇਤਰਾਂ 'ਚ ਵੱਧ ਤੋਂ ਵੱਧ 10 ਲੋਕ

### ਵਿਆਹ ਅਤੇ ਸਸਕਾਰ

- ਵਿਆਹ ਅਤੇ ਸਸਕਾਰ ਰਿਸੈਪਸ਼ਨਾਂ ਮਨ੍ਹਾਂ ਹਨ।
- ਵਿਆਹ ਦੀਆਂ ਰਸਮਾਂ 10 ਲੋਕਾਂ ਤੱਕ ਸੀਮਤ ਹਨ।
- ਉੱਚ-ਗਿਣਤੀ ਕੇਸਾਂ ਵਾਲੇ ਖੇਤਰਾਂ 'ਚ ਸਸਕਾਰ ਸੇਵਾਵਾਂ 10 ਲੋਕਾਂ ਤੱਕ ਸੀਮਤ ਹਨ ਅਤੇ ਘੱਟ-ਗਿਣਤੀ ਕੇਸਾਂ ਵਾਲੇ ਖੇਤਰਾਂ 'ਚ 20 ਲੋਕਾਂ ਤੱਕ।

### ਪੂਜਾ ਸਥਾਨ

ਸਾਰੇ ਪੂਜਾ ਸਥਾਨਾਂ ਲਈ ਇੰਨ-ਪਰਸਨ ਹਾਜ਼ਰੀ ਹੇਠਾਂ ਦਿੱਤੇ ਅਨੁਸਾਰ ਸੀਮਤ ਹੈ:

- ਉੱਚ-ਗਿਣਤੀ ਕੇਸਾਂ ਵਾਲੇ ਖੇਤਰਾਂ 'ਚ ਵੱਧ ਤੋਂ ਵੱਧ 15 ਹਾਜ਼ਰੀਨ
- ਘੱਟ-ਗਿਣਤੀ ਕੇਸਾਂ ਵਾਲੇ ਖੇਤਰਾਂ 'ਚ ਫਾਇਰ ਕੋਡ ਸਮਰੱਥਾ ਦਾ 15%
- ਮਾਸਕ ਪਾਉਣਾ ਲਾਜ਼ਮੀ ਹੈ
- ਇਕ ਪਰਿਵਾਰ ਵਿਚਲੇ ਲੋਕਾਂ ਨੂੰ ਹੋਰ ਪਰਿਵਾਰਾਂ ਤੋਂ ਹਰ ਸਮੇਂ ਦੋ ਮੀਟਰ ਦੀ ਵਿੱਥ 'ਤੇ ਰਹਿਣਾ ਲਾਜ਼ਮੀ ਹੈ।

## ਮਾਸਕ ਪਾਉਣਾ

- ਸਾਰੀਆਂ ਇੰਨਡੋਰ ਜਨਤਕ ਥਾਵਾਂ, ਕੰਮ ਵਾਲੀਆਂ ਥਾਵਾਂ ਅਤੇ ਪੂਜਾ ਸਥਾਨਾਂ 'ਤੇ ਮਾਸਕ ਪਾਉਣਾ ਲਾਜ਼ਮੀ ਹੈ।



ਕਾਪੀਰਾਈਟ 2018 ਗਵਰਨਮੈਂਟ ਆਫ ਐਲਬਰਟਾ | ਪ੍ਰਕਾਸ਼ਿਤ ਮਈ 2021

Classification: Protected A

## ਕੰਮ ਵਾਲੀਆਂ ਥਾਵਾਂ ‘ਤੇ ਲਾਗ ਸੰਚਾਰ ਦੀ ਰੋਕਥਾਮ

- ਸੂਬੇ ਭਰ ‘ਚ ਘਰ ਤੋਂ ਕੰਮ ਕਰਨਾਂ ਲਾਜ਼ਮੀ ਹੈ, ਸਿਵਾਏ ਇਸ ਦੇ ਕਿ ਐਂਪਲਾਇਰ ਨੂੰ ਆਪਣਾ ਕੰਮ ਸਹੀ ਤਰ੍ਹਾਂ ਚਲਾਉਣ ਲਈ ਕਰਮਚਾਰੀ ਦੀ ਸਰੀਰਕ ਹਾਜ਼ਰੀ ਦੀ ਜ਼ਰੂਰਤ ਹੋਵੇ।
- ਉੱਚ-ਗਿਣਤੀ ਕੇਸਾਂ ਵਾਲੇ ਖੇਤਰਾਂ ‘ਚ ਕੋਈ ਵੀ ਕੰਮ ਵਾਲੀ ਥਾਂ, ਜਿੱਥੇ ਲਾਗ ਦੇ ਸੰਚਾਰ ਦੇ 3 ਜਾਂ ਵੱਧ ਕੇਸ ਹੋ ਗਏ ਹੋਣ, ਉਸਨੂੰ 10 ਦਿਨਾਂ ਲਈ ਬੰਦ ਕਰਨ ਦੀ ਜ਼ਰੂਰਤ ਹੋਵੇਗੀ। ਵਰਕ ਕੈਂਪ, ਜ਼ਰੂਰੀ ਅਤੇ ਗੰਭੀਰ ਸੇਵਾਵਾਂ ਨੂੰ ਛੋਟ ਹਾਸਲ ਹੈ।

## ਬਿਜ਼ਨਸ ਪਾਬੰਦੀਆਂ

**ਐਂਟਰਟੇਨਮੈਂਟ ਫੈਸਿਲਿਟੀਆਂ**

- ਐਂਟਰਟੇਨਮੈਂਟ ਫੈਸਿਲਿਟੀਆਂ ਸੂਬੇ ਭਰ ‘ਚ ਜ਼ਰੂਰੀ ਤੌਰ ‘ਤੇ ਬੰਦ ਰਹਿਣਗੀਆਂ। ਮਿਸਾਲਾਂ ‘ਚ ਸ਼ਾਮਲ ਹਨ  ਥੀਏਟਰ, ਕਸੀਨੋ, ਨਾਈਟ ਕਲੱਬਾਂ, ਮਿਊਜ਼ੀਅਮ ਅਤੇ ਲਾਇਬਰੇਰੀਆਂ।
- ਕਮਿਊਨਿਟੀ ਹਾਲ, ਬੈਂਕੁਇਟ ਹਾਲ ਅਤੇ ਕਾਨਫਰੰਸ ਸੈਂਟਰ ਮੌਜੂਦਾ ਇਜਾਜ਼ਤਸ਼ੁਦਾ ਐਕਟਿਵਿਟੀਆਂ ਲਈ ਖੁੱਲ੍ਹ ਸਕਦੇ ਹਨ।

**ਭੋਜਨ ਸੇਵਾਵਾਂ**

ਰੈਸਟੋਰੈਂਟ, ਪੱਬ, ਬਾਰਾਂ, ਲਾਊਂਜਾਂ ਅਤੇ ਕੈਫੇ ਕੇਵਲ ਟੇਕਆਊਟ, ਬਾਹਰੋਂ ਪਿੱਕਅੱਪ ਅਤੇ ਡਿਲਿਵਰੀ ਲਈ ਖੁੱਲ੍ਹ ਸਕਦੇ ਹਨ। ਪੈਟੀਓ ‘ਤੇ ਬੈਠ ਕੇ ਖਾਣ ਸਮੇਤ ਇੰਨ-ਪਰਸਨ ਸੇਵਾ ਦੀ ਇਜਾਜ਼ਤ ਨਹੀਂ ਹੈ।

**ਰੀਟੇਲ ਸੇਵਾਵਾਂ**

ਸਾਰੀਆਂ ਰੀਟੇਲ ਸੇਵਾਵਾਂ ਅਤੇ ਸ਼ਾਪਿੰਗ ਮਾਲਾਂ ਨੂੰ ਆਪਣੇ ਗਾਹਕਾਂ ਦੀ ਗਿਣਤੀ ਜ਼ਰੂਰ ਹੇਠਾਂ ਦਿੱਤੇ ਅਨੁਸਾਰ ਘਟਾਉਣੀ ਪਵੇਗੀ, ਇਸ ‘ਚ ਸਟਾਫ ਸ਼ਾਮਲ ਨਹੀਂ ਹੋਵੇਗਾ:

- ਉੱਚ-ਗਿਣਤੀ ਕੇਸਾਂ ਵਾਲੇ ਖੇਤਰਾਂ ‘ਚ ਫਾਇਰ ਕੋਡ ਸਮਰੱਥਾ ਦਾ 10%
- ਘੱਟ-ਗਿਣਤੀ ਕੇਸਾਂ ਵਾਲੇ ਖੇਤਰਾਂ ‘ਚ ਫਾਇਰ ਕੋਡ ਸਮਰੱਥਾ ਦਾ 15%

**ਸਿਹਤ ਅਤੇ ਪ੍ਰੋਫੈਸ਼ਨਲ ਸੇਵਾਵਾਂ**

**ਸਿਹਤ ਅਤੇ ਪ੍ਰੋਫੈਸ਼ਨਲ ਸੇਵਾਵਾਂ ਇਕ-ਨਾਲ-ਇਕ ਸੇਵਾ ਵਾਸਤੇ ਕੇਵਲ ਐਪੁਆਇੰਮੈਂਟਾਂ ਵਾਸਤੇ ਖੁੱਲ੍ਹ ਸਕਦੀਆਂ ਹਨ। ਸਾਰੀਆਂ ਪਬਲਿਕ ਹੈਲਥ ਅਤੇ ਸੈਕਟਰ ਗਾਈਡਲਾਈਨਾਂ ਦੀ ਪਾਲਣਾ ਜ਼ਰੂਰ ਕਰਨੀ ਹੋਵੇਗੀ। ਮਿਸਾਲਾਂ 'ਚ ਸ਼ਾਮਲ ਹਨ ਡੈਂਟਿਸਟ, ਆਪਟੋਮੀਟਰਿਸਟ, ਥੈਰੇਪਿਸਟ, ਆਕੂਪੰਕਚਰਿਸਟ, ਵਕੀਲ ਅਤੇ ਅਕਾਊਂਟੈਂਟ।**

**ਨਿੱਜੀ ਅਤੇ ਤੰਦਰੁਸਤੀ ਸੇਵਾਵਾਂ**

ਉੱਚ-ਗਿਣਤੀ ਕੇਸਾਂ ਵਾਲੇ ਖੇਤਰਾਂ ‘ਚ ਨਿੱਜੀ ਅਤੇ ਤੰਦਰੁਸਤੀ ਸੇਵਾਵਾਂ ਜ਼ਰੂਰ ਪੂਰੀ ਤਰ੍ਹਾਂ ਬੰਦ ਰਹਿਣਗੀਆਂ।ਘੱਟ-ਗਿਣਤੀ ਕੇਸਾਂ ਵਾਲੇ ਖੇਤਰਾਂ ‘ਚ ਇਹ ਕੇਵਲ ਐਪੁਆਇੰਟਮੈਂਟ ਨਾਲ ਖੁੱਲ੍ਹੀਆਂ ਰਹਿ ਸਕਦੀਆਂ ਹਨ। ਮਿਸਾਲਾਂ ‘ਚ ਸ਼ਾਮਲ ਹਨ ਹੇਅਰ ਅਤੇ ਨੇਲ ਸੈਲੋਨ, ਟੈਟੂ ਪਾਰਲਰ ਅਤੇ ਐਸਥੈਟਿਕ ਸੇਵਾਵਾਂ।

## ਪ੍ਰਫਾਰਮੈਂਸ, ਸਪੋਰਟਸ ਅਤੇ ਫਿਜ਼ੀਕਲ ਐਕਟਿਵਿਟੀਆਂ

**ਇੰਨਡੋਰ ਐਕਟਿਵਿਟੀਆਂ**

- ਸਾਰੀਆਂ ਇੰਨਡੋਰ ਸਪੋਰਟ, ਰਿਕ੍ਰੀਏਸ਼ਨ ਅਤੇ ਪ੍ਰਫਾਰਮੈਂਸ ਐਕਟਿਵਿਟੀਆਂ ਦੀ ਸੂਬੇ ਭਰ ‘ਚ ਮਨਾਹੀ ਹੈ।
- ਸਾਰੀਆਂ ਇੰਨਡੋਰ ਫਿੱਟਨੈੱਸ ਫੈਸਿਲਿਟੀਆਂ ਜ਼ਰੂਰ ਬੰਦ ਰਹਿਣਗੀਆਂ (ਸਮੇਤ ਇਕ-ਨਾਲ-ਇਕ ਟਰੇਨਿੰਗ)।

**ਆਊਟਡੋਰ ਐਕਟਿਵਿਟੀਆਂ**

- ਉੱਚ-ਗਿਣਤੀ ਕੇਸਾਂ ਵਾਲੇ ਖੇਤਰਾਂ ‘ਚ ਸਾਰੀਆਂ ਆਊਟਡੋਰ ਫਿੱਟਨੈੱਸ, ਰਿਕ੍ਰੀਏਸ਼ਨ ਅਤੇ ਪ੍ਰਫਾਰਮੈਂਸ ਐਕਟਿਵਿਟੀਆਂ ਦੀ ਮਨਾਹੀ ਹੈ, ਸਿਵਾਏ ਤੁਹਾਡੇ ਆਪਣੇ ਪਰਿਵਾਰ ਮੈਂਬਰਾਂ ਨਾਲ ਜਾਂ ਜੇਕਰ ਤੁਸੀਂ ਇਕੱਲੇ ਰਹਿੰਦੇ ਹੋ ਤਾਂ ਤੁਹਾਡੇ ਦੋ ਨਿਕਟ ਸੰਪਰਕ ਵਾਲੇ ਲੋਕਾਂ ਨਾਲ।
- ਘੱਟ-ਗਿਣਤੀ ਕੇਸਾਂ ਵਾਲੇ ਖੇਤਰਾਂ ‘ਚ ਸੀਮਤ ਆਊਟਡੋਰ ਫਿੱਟਨੈੱਸ, ਰਿਕ੍ਰੀਏਸ਼ਨ ਅਤੇ ਪ੍ਰਫਾਰਮੈਂਟ ਐਕਟਿਵਿਟੀਆਂ ਦੀ ਇਜਾਜ਼ਤ ਹੈ ਜਿਨ੍ਹਾਂ ‘ਚ ਵੱਧ ਤੋਂ ਵੱਧ 10 ਜਣੇ ਭਾਗ ਲੈ ਸਕਦੇ ਹਨ ਅਤੇ ਹਰ ਸਮੇਂ ‘ਤੇ ਵੱਖਰੇ ਪਰਿਵਾਰਾਂ ਦੇ ਮੈਂਬਰਾਂ ਦਰਮਿਆਨ ਦੋ ਮੀਟਰ ਦੀ ਵਿੱਥ ਬਣਾ ਕੇ ਰੱਖਣੀ ਲਾਜ਼ਮੀ ਹੈ।



ਕਾਪੀਰਾਈਟ 2018 ਗਵਰਨਮੈਂਟ ਆਫ ਐਲਬਰਟਾ | ਪ੍ਰਕਾਸ਼ਿਤ ਮਈ 2021

Classification: Protected A